रजिस्ट्री सं० डी—221

Price : Rs. 4.00
REGISTERED NO. D-221
ਰਜਿਸਟਰੀ ਨਂ: ਡੀ-221

भारत का राजपत्र
The Gazette of India
ਭਾਰਤ ਦਾ ਗੱਜ਼ਟ

असाधारण
EXTRAORDINARY
ਅਸਾਧਾਰਣ
भाग-XIV-अनुभाग 1
PART-XIV-SECTION 1
ਭਾਗ-XIV-ਅਨੁਭਾਗ 1
प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

सं० 1]	नई दिल्ली,	वीरवार, 23 फरवरी, 1989	/ 4 फाल्गुन, 1910 (शक)	[खण्ड IV
No. 1]	NEW DELHI,	THURSDAY, FEBRUARY 23, 1989	/ PHALGUNA 4, 1910 (SAKA)	[VOL. IV
ਨੰ: 1]	ਨਵੀਂ ਦਿੱਲੀ,	ਵੀਰਵਾਰ, 23 ਫਰਵਰੀ, 1989	/ 4 ਫਗਣ, 1910 (ਸ਼ਕ)	[ਜਿਲਦ IV

विधि और न्याय मन्त्रालय

(विधायी विभाग)

नई दिल्ली, वीरवार, 23 फरवरी, 1989/4 फाल्गुन, 1910 (शक)

वाटर (प्रिवेन्शन एण्ड कन्ट्रोल आफ पल्यूशन) एक्ट, 1974 और डिप्लोमैटिक रिलेशनज (वियाना कन्वेंशन) एक्ट, 1972 के पंजाबी अनुवाद राष्ट्रपति के प्राधिकार से प्रकाशित किये जाते हैं और प्राधिकृत पाठ (केन्द्रीय विधि) अधिनियम, 1973 (1973 का 50) की धारा 2 के खण्ड(क) के अधीन ये पंजाबी में उनके प्राधिकृत पाठ समझे जायेंगे ।

MINISTRY OF LAW AND JUSTICE
(LEGISLATIVE DEPARTMENT)

The translations in Punjabi of the Water (Prevention and Control of Pollution) Act, 1974 and the Diplomatic Relations (Vienna Convention) Act, 1972 are hereby published under the authority of the President and shall be deemed to be the authoritative text thereof in Punjabi under Clause (a) of Section 2 of the Authoritative Texts (Central Laws) Act, 1973 (50 of 1973).

ਕਾਨੂੰਨ ਅਤੇ ਨਿਆਂ ਮੰਤ੍ਰਾਲਾ
(ਵਿਧਾਨ ਵਿਭਾਗ)

ਵਾਟਰ (ਪ੍ਰਿਵੈਨਸ਼ਨ ਐਂਡ ਕੰਟਰੋਲ ਔਫ ਪਲੂਸ਼ਨ) ਐਕਟ, 1974 ਅਤੇ ਡਿਪਲੋਮੈਟਿਕ ਰਿਲੇਸ਼ਨਜ਼ (ਵੀਆਨਾ ਕਨਵੈਨਸ਼ਨ) ਐਕਟ, 1972 ਦੇ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 (1973 ਦਾ 50) ਦੀ ਧਾਰਾ 2 ਦੇ ਖੰਡ (ਉ) ਅਧੀਨ ਉਨ੍ਹਾਂ ਦੇ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ ।

ਸਫ਼ਾਰਤੀ ਸੰਬੰਧ (ਵੀਆਨਾ ਕਨਵੈਨਸ਼ਨ) ਐਕਟ, 1972

(1972 ਦਾ 43)

(30 ਅਪ੍ਰੈਲ, 1987 ਤੱਕ ਸੋਧੇ ਅਨੁਸਾਰ) [29 ਅਗਸਤ, 1972]

ਸਫ਼ਾਰਤੀ ਸੰਬੰਧਾਂ ਬਾਰੇ ਵੀਆਨਾ ਕਨਵੈਨਸ਼ਨ,1961 ਨੂੰ ਪ੍ਰਭਾਵੀ ਬਣਾਉਣ ਲਈ ਅਤੇ ਉਸ ਨਾਲ ਤੱਲਕ ਰੱਖਦੇ ਵਿਸ਼ਿਆਂ ਲਈ ਉਪਬੰਧ ਕਰਨ ਲਈ ਐਕਟ ।

ਭਾਰਤ ਗਣਰਾਜ ਦੇ ਤੇਈਵੇਂ ਸਾਲ ਵਿੱਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :

ਸੰਖੇਪ ਨਾਂ ਅਤੇ ਵਿਸਤਾਰ ।

1. (1) ਇਸ ਐਕਟ ਨੂੰ ਸਫ਼ਾਰਤੀ ਸੰਬੰਧ (ਵੀਆਨਾ ਕਨਵੈਨਸ਼ਨ) ਐਕਟ, 1972 ਕਿਹਾ ਜਾ ਸਕੇਗਾ ।

(2) ਇਸ ਦਾ ਵਿਸਤਾਰ ਸਾਰੇ ਭਾਰਤ ਤੇ ਹੈ ।

ਸਫ਼ਾਰਤੀ ਸੰਬੰਧਾਂ ਬਾਰੇ ਵੀਆਨਾ ਕਨਵੈਨਸ਼ਨ ਦਾ ਲਾਗੂ ਹੋਣਾ ।

2. (1) ਕਿਸੇ ਹੋਰ ਕਾਨੂੰਨ ਵਿੱਚ ਇਸ ਦੇ ਉਲਟ ਕਿਸੇ ਗੱਲ ਦੇ ਦਰਜ ਹੁੰਦਿਆਂ ਹੋਇਆਂ ਵੀ, ਸਫ਼ਾਰਤੀ ਵਰਤ-ਵਿਹਾਰ ਅਤੇ ਉਨਮੁਕਤੀਆਂ ਬਾਰੇ ਸੰਯੁਕਤ ਰਾਸ਼ਟਰ ਸਮੇਲਨ ਦੁਆਰਾ 14 ਅਪ੍ਰੈਲ, 1961 ਨੂੰ ਅੰਗੀਕਾਰ ਕੀਤੇ ਗਏ ਸਫ਼ਾਰਤੀ ਸੰਬੰਧਾਂ ਬਾਰੇ ਵੀਆਨਾ ਕਨਵੈਨਸ਼ਨ ਦੇ ਉਪਬੰਧ ਜੋ ਇਸ ਐਕਟ ਦੀ ਅਨੁਸੂਚੀ ਵਿੱਚ ਦਿੱਤੇ ਗਏ ਹਨ, ਭਾਰਤ ਵਿਚ ਕਾਨੂੰਨ ਦਾ ਬਲ ਰੱਖਣਗੇ ।

(2) ਕੇਂਦਰੀ ਸਰਕਾਰ, ਸਮੇਂ ਸਮੇਂ ਤੇ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਅਨੁਸੂਚੀ ਦੀ ਸੋਧ ਕਿਸੇ ਅਜਿਹੀਆਂ ਸੋਧਾਂ ਦੇ ਅਨੁਰੂਪ ਵਿੱਚ ਕਰ ਸਕੇਗੀ ਜ ਉਕਤ ਕਨਵੈਨਸ਼ਨ ਦੇ ਉਨ੍ਹਾਂ ਉਪਬੰਧਾਂ ਵਿੱਚ ਠੀਕ ਤੌਰ ਤੇ ਕੀਤੀਆ ਅਤੇ ਅੰਗੀਕਾਰ ਕੀਤੀਆਂ ਗਈਆਂ ਹੋਣ, ਜੋ ਅਨੁਸੂਚੀ ਵਿੱਚ ਦਿੱਤੇ ਗਏ ਹਨ ।

ਕੌਮਾਂਤਰੀ ਕਰਾਰ ਦੇ ਅਨੁਸਰਣ ਵਿੱਚ ਸਫ਼ਾਰਤੀ ਮਿਸ਼ਨਾਂ ਅਤੇ ਉਨ੍ਹਾਂ ਦੇ ਮੈਂਬਰਾਂ ਨੂੰ ਕੁਝ ਕ੍ਰ ਵਿਸ਼ੇਸ਼-ਅਧਿਕਾਰਾਂ ਅਤੇ ਉਨਮੁਕਤੀਆਂ ਦਾ ਲਾਗੂ ਹੋਣਾ ।

3. ਜਿੱਥੇ ਕਿਸੇ ਕਰਾਰ, ਕਨਵੈਨਸ਼ਨ ਜਾਂ ਹਰ ਲਿਖਤ ਦੇ ਅਨੁਸਰਣ ਵਿਚ ਇਹ ਜ਼ਰੂਰੀ ਹੈ ਕਿ ਕਿਸੇ ਅਜਿਹੇ ਸਫ਼ਾਰਤੀ ਮਿਸ਼ਨ ਅਤੇ ਉਸ ਦੇ ਮੈਂਬਰਾਂ ਨੂੰ, ਜਿਸ ਨੂੰ ਭੇਜਣ ਵਾਲਾ ਰਾਜ ਸਫ਼ਾਰਤੀ ਸੰਬੰਧਾਂ ਬਾਰੇ ਵੀਆਨਾ ਕਨਵੈਨਸ਼ਨ, 1961 ਦੀ ਧਿਰ ਨਹੀਂ ਹੈ, ਜਾਂ ਕਿਸੇ ਹੋਰ ਵਿਸ਼ੇਸ਼ ਮਿਸ਼ਨ ਅਤੇ ਉਸਦੇ ਮੈਂਬਰਾਂ ਨੂੰ ਭਾਰਤ ਵਿੱਚ ਅਜਿਹੇ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਦਿੱਤੀਆਂ ਜਾਣ ਜੋ ਅਨੁਸੂਚੀ ਵਿੱਚ ਦਿੱਤੇ ਉਪਬੰਧਾਂ ਵਿੱਚ ਦਰਜ ਵਿਸ਼ੇਸ਼-ਅਧਿਕਾਰਾਂ ਅਤੇ ਉਨਮੁਕਤੀਆਂ ਵਰਗੀਆਂ ਹਨ, ਉਥੇ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਹ ਐਲਾਨ ਕਰ ਸਕੇਗੀ ਕਿ ਅਨੁਸੂਚੀ ਵਿੱਚ ਦਿੱਤੇ ਉਪਬੰਧ, ਅਜਿਹੇ ਰੂਪਭੇਦਾਂ ਦੇ ਤਾਬੇ, ਜੇ ਕੋਈ ਹੋਣ, ਜੋ ਉਹ ਉਕਤ ਕਰਾਰ, ਕਨਵੈਨਸ਼ਨ ਜਾਂ ਹਰ ਲਿਖਤ ਨੂੰ ਪ੍ਰਭਾਵੀ ਬਣਾਉਣ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਸਮਝੇ, ਉਸ ਸਫ਼ਾਰਤੀ ਮਿਸ਼ਨ ਅਤੇ ਉਸ ਦੇ ਮੈਂਬਰਾਂ ਨੂੰ ਜਾਂ, ਜਿਹੀ ਕਿ ਸੂਰਤ ਹੋਵੇ, ਉਸ ਹੋਰ ਵਿਸ਼ੇਸ ਮਿਸ਼ਨ ਅਤੇ ਉਸ ਦੇ ਮੈਂਬਰਾਂ ਨੂੰ ਲੋੜੀਂਦੀ ਅਦਲਾ-ਬਦਲੀ ਸਹਿਤ ਲਾਗੂ ਹੋਣਗੇ, ਅਤੇ ਤਦ ਉਕਤ ਉਪਬੰਧ ਉਸਦੇ ਅਨੁਸਾਰ ਲਾਗੂ ਹੋਣਗੇ, ਅਤੇ ਕਿਸੇ ਹੋਰ ਕਾਨੂੰਨ ਵਿੱਚ ਇਸ ਦੇ ਉਲਟ ਕਿਸੇ ਗੱਲ ਦੇ ਦਰਜ ਹੁੰਦਿਆਂ ਹੋਇਆਂ ਵੀ, ਉਹ ਇਸ ਤਰ੍ਹਾਂ ਲਾਗੂ ਹੋਣ ਵਿੱਚ ਭਾਰਤ ਵਿੱਚ ਕਾਨੂੰਨ ਦਾ ਬਲ ਰੱਖਣਗੇ ।

ਵਿਸ਼ੇਸ਼-ਅਧਿਕਾਰਾਂ ਅਤੇ ਉਨਮੁਕਤੀਆਂ ਤੇ ਧਾਬੰਦੀਆਂ ।

4. ਜੇ ਕੇਂਦਰੀ ਸਰਕਾਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਕੋਈ ਰਾਜ, ਜ ਸਫ਼ਾਰਤੀ ਸੰਬੰਧਾਂ ਬਾਰੇ ਵੀਆਨਾ ਕਨਵੈਨਸ਼ਨ, 1961 ਦੀ ਧਿਰ ਹੈ, ਉਹ ਉਸ ਅਧੀਨ ਪੈਦਾ ਹੋਣ ਵਾਲੀਆਂ ਆਪਣੀਆਂ ਬਾਂਧਾਂ ਭੰਗ ਕਰ ਰਿਹਾ ਹੈ ਜਾਂ ਉਸ ਰਾਜ ਦੇ ਰਾਜਖੇਤਰ ਵਿੱਚ ਜੋ ਸਫ਼ਾਰਤੀ ਸੰਬੰਧਾਂ ਬਾਰੇ ਵੀਆਨਾ ਕਨਵੈਨਸ਼ਨ, 1961, ਦੀ ਧਿਰ ਹੈ, ਕਿਸੇ ਭਾਰਤੀ ਮਿਸ਼ਨ ਜਾਂ ਉਸ ਦੇ ਮੈਂਬਰਾਂ ਨੂੰ ਦਿੱਤੇ ਜਾਂਦੇ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਉਨ੍ਹਾਂ ਵਿਸ਼ੇਸ਼-ਅਧਿਕਾਰਾਂ ਅਤੇ ਉਨਮੁਕਤੀਆਂ ਤੋਂ ਘੱਟ ਹਨ ਜੋ ਉਕਤ ਰਾਜ ਦੇ ਸਫ਼ਾਰਤੀ ਮਿਸ਼ਨ ਅਤੇ ਉਸ ਦੇ ਮੈਂਬਰਾਂ ਨੂੰ ਇਸ ਐਕਟ ਅਧੀਨ ਪ੍ਰਦਾਨ ਕੀਤੀਆਂ ਗਈਆਂ ਹਨ, ਤਾਂ ਕੇਂਦਰੀ ਸਰਕਾਰ, ਇਸ ਐਕਟ ਵਿੱਚ ਦਰਜ

ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਇਸ ਤਰ੍ਹਾਂ ਪ੍ਰਦਾਨ ਕੀਤੇ ਅਜਿਹੇ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ, ਉਸ ਰਾਜ ਦੇ ਸਫ਼ਾਰਤੀ ਮਿਸ਼ਨ ਤੋਂ ਜਾਂ ਉਸ ਦੇ ਮੈਂਬਰਾਂ ਤੋਂ ਵਾਪਸ ਲੈ ਸਕੇਗੀ ਜੋ ਕੇਂਦਰੀ ਸਰਕਾਰ ਨੂੰ ਉਚਿਤ ਪ੍ਰਤੀਤ ਹੋਣ ।

ਤਰਕ ।

5. ਅਨੁਸੂਚੀ ਵਿੱਚ ਦਿੱਤੇ ਕਨਵੈਨਸ਼ਨ ਦੇ ਅਨੁਛੇਦ 32 ਦੇ ਪ੍ਰਯੋਜਨ ਲਈ, ਕਿਸੇ ਰਾਜ ਦੇ ਮਿਸ਼ਨ ਦੇ ਮੁੱਖੀ ਜਾਂ ਤੱਤ ਸਮੇਂ ਉਸ ਦੇ ਕਾਜਕਾਰ ਕਰ ਰਹੇ ਕਿਸੇ ਵਿਅਕਤੀ ਦੁਆਰਾ ਕੀਤਾ ਗਿਆ ਕੋਈ ਤਰਕ ਉਸ ਰਾਜ ਦੁਆਰਾ ਕੀਤਾ ਗਿਆ ਤਰਕ ਸਮਝਿਆ ਜਾਵੇਗਾ ।

ਸੀਮਾ ਮਸੂਲ ਤੋਂ ਕੁਝ ਕੁ ਛੋਟਾਂ ਤੇ ਪਾਬੰਦੀਆਂ ।

6. ਅਨੁਸੂਚੀ ਵਿੱਚ ਦਿੱਤੇ ਕਨਵੈਨਸ਼ਨ ਦੇ ਅਨੁਛੇਦ 36 ਵਿੱਚ ਦਰਜ ਕਿਸੇ ਗੱਲ ਦਾ ਇਹ ਅਰਥ ਨਹੀਂ ਕੱਢਿਆ ਜਾਵੇਗਾ ਕਿ ਉਹ ਕਿਸੇ ਸਫ਼ਾਰਤੀ ਮਿਸ਼ਨ ਜਾਂ ਉਸ ਦੇ ਮੈਂਬਰ ਨੂੰ ਇਸ ਗੱਲ ਦਾ ਹੱਕਦਾਰ ਬਣਾਉਂਦੀ ਹੈ ਕਿ ਉਹ ਸੀਮਾ-ਮਸੂਲ ਤੋਂ ਰਹਿਤ ਮਾਲ ਭਾਰਤ ਵਿੱਚ ਇਸ ਤਰ੍ਹਾਂ ਦਰਾਮਦ ਕਰੇ ਕਿ ਭਾਰਤ ਵਿੱਚ ਉਸਦੀ ਬਾਦ ਦੀ ਵਿਕਰੀ ਤੇ ਕੋਈ ਪਾਬੰਦੀਆ ਨਾ ਹੋਣ ।

ਭਾਰਤ ਦੇ ਨਾਗਰਿਕਾਂ ਦੇ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ।

7. ਅਨੁਸੂਚੀ ਵਿੱਚ ਦਿੱਤੇ ਕਨਵੈਨਸ਼ਨ ਦੇ ਅਨੁਛੇਦ 38 ਦੇ ਪ੍ਰਯੋਜਨ ਲਈ, ਭਾਰਤ ਦਾ ਨਾਗਰਿਕ ਉਸ ਅਨੁਛੇਦ ਵਿੱਚ ਦਿੱਤੇ ਹੋਏ ਵਿਸ਼ੇਸ਼-ਅਧਿਕਾਰਾਂ ਅਤੇ ਉਨਮੁਕਤੀਆਂ ਤੋਂ ਬਿਨਾਂ ਹੋਰ, ਕੇਵਲ ਅਜਿਹੇ ਅਤਿਰਿਕਤ ਵਿਸ਼ੇਸ਼-ਅਧਿਕਾਰਾਂ ਅਤੇ ਉਨਮੁਕਤੀਆਂ ਦਾ ਹੀ ਹੱਕਦਾਰ ਹਵੇਗਾ ਜੋ ਉਸ ਨੂੰ ਕੇਂਦਰੀ ਸਰਕਾਰ ਦੁਆਰਾ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਦਿੱਤੀਆਂ ਜਾਣ ।

ਸਫ਼ਾਰਤੀ ਘਰ-ਖੇਤਰਾਂ ਵਿੱਚ ਦਾਖਲੇ ਤੇ ਪਾਬੰਦੀਆਂ ।

8. ਕੋਈ ਲੋਕ ਸੇਵਕ, ਜਾਂ ਕੇਂਦਰੀ ਸਰਕਾਰ, ਕਿਸੇ ਰਾਜ ਸਰਕਾਰ ਜਾਂ ਕਿਸੇ ਪਬਲਿਕ ਅਥਾਰਿਟੀ ਦਾ ਕੋਈ ਏਜੰਟ ਕਾਨੂੰਨੀ ਹੁਕਮਨਾਮੇ ਦੀ ਤਾਮੀਲ ਕਰਾਉਣ ਦੇ ਪ੍ਰਯੋਜਨ ਲਈ ਕਿਸੇ ਸਫ਼ਾਰਤੀ ਮਿਸ਼ਨ ਦੇ ਘਰ-ਖੇਤਰ ਵਿੱਚ, ਮਿਸ਼ਨ ਦੇ ਮੁਖੀ ਦੀ ਸੰਮਤੀ ਤੋਂ ਬਿਨਾਂ, ਦਾਖ਼ਲ ਨਹੀਂ ਹਵੇਗਾ । ਅਜਿਹੀ ਸੰਮਤੀ ਭਾਰਤ ਸਰਕਾਰ ਦੇ ਬਦੇਸ਼ ਮੰਤ੍ਰਾਲੇ ਰਾਹੀਂ ਹਾਸਲ ਕੀਤੀ ਜਾ ਸਕੇਗੀ ।

ਸ਼ਹਾਦਤ ।

9. ਜੇ ਕਿਸੇ ਕਾਰਵਾਈ ਵਿਚ ਕਈ ਸਵਾਲ ਪੈਦਾ ਹੁੰਦਾ ਹੈ ਕਿ ਕੀ ਕਈ ਵਿਅਕਤੀ ਇਸ ਐਕਟ ਅਧੀਨ ਕਿਸੇ ਵਿਸ਼ੇਸ਼-ਅਧਿਕਾਰ ਜਾਂ ਉਨਮੁਕਤੀ ਦਾ ਹੱਕਦਾਰ ਹੈ ਜਾਂ ਨਹੀਂ, ਤਾਂ ਭਾਰਤ ਸਰਕਾਰ ਦੇ ਬਦੇਸ਼ ਮੰਤ੍ਰਾਲੇ ਦੇ ਸਕੱਤਰ ਦੀ ਸੱਤਾ ਦੁਆਰਾ ਜਾਂ ਅਧੀਨ ਜਾਰੀ ਕੀਤਾ ਗਿਆ ਪ੍ਰਮਾਣ-ਪੱਤਰ ਜਿਸ ਵਿਚ ਉਸ ਸਵਾਲ ਸੰਬੰਧੀ ਕੋਈ ਤੱਥ ਬਿਆਨ ਕੀਤਾ ਗਿਆ ਹੋਵੇ, ਉਸ ਤੱਥ ਦੀ ਨਿਰਣਈ ਸ਼ਹਾਦਤ ਹੋਵੇਗਾ ।

ਨਿਯਮ ਬਣਾਉਣ ਦੀ ਸ਼ਕਤੀ ।

10. ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ, ਨਿਯਮ ਬਣਾ ਸਕੇਗੀ ।

ਇਸ ਐਕਟ ਅਧੀਨ ਜਾਰੀ ਕੀਤੀਆਂ ਗਈਆਂ ਅਧਿਸੂਚਨਾਵਾਂ ਅਤੇ ਬਣਾਏ ਗਏ ਨਿਯਮਾਂ ਦਾ ਸੰਸਦ ਦੇ ਅੱਗੇ ਰੱਖਿਆ ਜਾਣਾ ।

11. ਇਸ ਐਕਟ ਅਧੀਨ ਜਾਰੀ ਕੀਤੀ ਗਈ ਹਰਿਕ ਅਧਿਸੂਚਨਾ ਅਤੇ ਬਣਾਇਆ ਗਿਆ ਹਰਿਕ ਨਿਯਮ ਉਸ ਦੇ ਜਾਰੀ ਕੀਤੇ ਜਾਣ ਜਾਂ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ, ਜਦ ਉਹ ਇਜਲਾਸ ਵਿੱਚ ਹੈ, ਤੀਹ ਦਿਨਾਂ ਦੀ ਕੁੱਲ ਮੱਦਤ ਲਈ ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ ਉਪਰਕਤ ਇਜਲਾਸ ਜਾਂ ਕ੍ਰਮਵਰਤੀ ਇਜਲਾਸ ਦੇ ਤੁਰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ ਦੋਵੇਂ ਸਦਨ ਉਸ ਅਧਿਸੂਚਨਾ ਵਿੱਚ ਜਾਂ, ਜਿਹੀ ਕਿ ਸੂਰਤ ਹੋਵੇ, ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦੇ ਹਨ, ਜਾਂ ਦੋਵੇਂ ਸਦਨ ਸਹਿਮਤ ਹ ਜਾਂਦੇ ਹਨ, ਕਿ ਉਹ ਅਧਿਸੂਚਨਾ ਜਾਰੀ ਨਹੀਂ ਕਰਨੀ ਚਾਹੀਦੀ ਜਾਂ ਨਿਯਮ ਨਹੀਂ ਬਣਾਉਣਾ ਚਾਹੀਦਾ, ਤਾਂ ਉਹ ਅਧਿਸੂਚਨਾ ਜਾਂ ਨਿਯਮ ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ, ਜਾਂ ਜਿਹੀ ਕਿ ਸੂਰਤ ਹੋਵੇ, ਉਸ ਦਾ ਕਈ ਪ੍ਰਭਾਵ ਨਹੀਂ ਹੋਵੇਗਾ; ਅੈਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਅਧਿਸੂਚਨਾ ਜਾਂ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ ।

ਅਨੁਸੂਚੀ

(ਵੇਖੋ ਧਾਰਾ 2)

ਸਫ਼ਾਰਤੀ ਸੰਬੰਧਾਂ ਬਾਰੇ ਵੀਆਨਾ ਕਨਵੈਨਸ਼ਨ, 1961 ਦੇ ਉਪਬੰਧ ਜੋ ਕਾਨੂੰਨ ਦਾ ਬਲ ਰੱਖਣਗੇ ।

ਅਨੁਛੇਦ 1

ਇਸ ਕਨਵੈਨਸ਼ਨ ਦੇ ਪ੍ਰਯੋਜਨਾਂ ਲਈ, ਹੇਠ-ਲਿਖੇ ਪਦਾਂ ਦੇ ਉਹੀ ਅਰਥ ਹੋਣਗੇ, ਜੋ ਉਨ੍ਹਾਂ ਨੂੰ ਇਸ ਤੇ ਹੇਠਾਂ ਦਿੱਤੇ ਗਏ ਹਨ :

(ੳ) ''ਮਿਸ਼ਨ ਦਾ ਮੁੱਖੀ'' ਉਹ ਵਿਅਕਤੀ ਹੈ ਜੋ ਭੇਜਣ ਵਾਲੇ ਰਾਜ ਦੁਆਰਾ ਉਸ ਹੈਸੀਅਤ ਵਿੱਚ ਕਾਰਜ ਕਰਨ ਦੇ ਕਰਤੱਵ ਨਾਲ ਭਾਰਿਤ ਹੈ ;

(ਅ) ''ਮਿਸ਼ਨ ਦੇ ਮੈਂਬਰ'' ਹਨ ਮਿਸ਼ਨ ਦਾ ਮੁੱਖੀ ਅਤੇ ਮਿਸ਼ਨ ਦੇ ਅਮਲੇ ਦੇ ਮੈਂਬਰ ;

(ੲ) ''ਮਿਸ਼ਨ ਦੇ ਅਮਲੇ ਦੇ ਮੈਂਬਰ'' ਹਨ ਮਿਸ਼ਨ ਦੇ ਸਫ਼ਾਰਤੀ ਅਮਲੇ ਦੇ, ਪ੍ਰਸ਼ਾਸਨੀ ਅਤੇ ਤਕਨੀਕੀ ਅਮਲੇ ਦੇ ਅਤੇ ਸੇਵਾ ਅਮਲੇ ਦੇ ਮੈਂਬਰ ;

(ਸ) ''ਸਫ਼ਾਰਤੀ ਅਮਲੇ ਦੇ ਮੈਂਬਰ'' ਮਿਸ਼ਨ ਦੇ ਉਹ ਮੈਂਬਰ ਹਨ ਜੋ ਸਫ਼ਾਰਤੀ ਦਰਜਾ ਰੱਖਦੇ ਹਨ ;

(ਹ) ''ਸਫ਼ਾਰਤੀ ਏਜੰਟ'' ਉਹ ਹੈ ਜੋ ਮਿਸ਼ਨ ਦਾ ਮੁੱਖੀ ਹੈ ਜਾਂ ਮਿਸ਼ਨ ਦੇ ਸਫ਼ਾਰਤੀ ਅਮਲੇ ਦਾ ਮੈਂਬਰ ਹੈ ;

(ਕ) ''ਪ੍ਰਸ਼ਾਸਨੀ ਅਤੇ ਤਕਨੀਕੀ ਅਮਲੇ ਦੇ ਮੈਂਬਰ'' ਮਿਸ਼ਨ ਦੇ ਅਮਲੇ ਦੇ ਉਹ ਮੈਂਬਰ ਹਨ ਜ ਮਿਸ਼ਨ ਦੀ ਪ੍ਰਸ਼ਾਸਨੀ ਅਤੇ ਤਕਨੀਕੀ ਸੇਵਾ ਵਿਚ ਨਿਯੋਜਤ ਹਨ ;

(ਖ) ''ਸੇਵਾ ਅਮਲੇ ਦੇ ਮੈਂਬਰ'' ਮਿਸ਼ਨ ਦੇ ਅਮਲੇ ਦੇ ਉਹ ਮੈਂਬਰ ਹਨ ਜੋ ਮਿਸ਼ਨ ਦੀ ਘਰੇਲੂ ਸੇਵਾ ਵਿੱਚ ਹਨ ;

(ਗ) ''ਨਿਜੀ ਸੇਵਕ'' ਉਹ ਵਿਅਕਤੀ ਹੈ ਜ ਮਿਸ਼ਨ ਦੇ ਕਿਸੇ ਮੈਂਬਰ ਦੀ ਘਰੇਲੂ ਸੇਵਾ ਵਿੱਚ ਹੈ ਅਤੇ ਜੋ ਭੇਜਣ ਵਾਲੇ ਰਾਜ ਦਾ ਕਰਮਚਾਰੀ ਨਹੀਂ ਹੈ ;

(ਘ) ''ਮਿਸ਼ਨ ਦਾ ਘਰ-ਖੇਤਰ'' ਉਹ ਇਮਾਰਤਾਂ ਜਾਂ ਇਮਾਰਤਾਂ ਦੇ ਭਾਗ ਅਤੇ ਉਨ੍ਹਾਂ ਨਾਲ ਲੱਗਦੀ ਭੋਂ ਹੈ, ਜੋ ਮਿਸ਼ਨ ਦੇ ਪ੍ਰਯੋਜਨ ਲਈ, ਜਿਸ ਵਿੱਚ ਮੰਡਲ ਦੇ ਮੁੱਖੀ ਦਾ ਨਿਵਾਸ ਵੀ ਸ਼ਾਮਲ ਹੈ, ਵਰਤੀਆਂ ਜਾਂਦੀਆਂ ਹਨ, ਬਿਨਾਂ ਲਿਹਾਜ਼ ਇਸ ਗੱਲ ਦੇ ਕਿ ਉਹ ਕਿਸ ਦੀ ਮਲਕੀਅਤ ਹਨ ;

ਅਨੁਛੇਦ 22

1. ਮਿਸ਼ਨ ਦਾ ਘਰ-ਖੇਤਰ ਅਣ-ਉਲੰਘਣੀ ਹੋਵੇਗਾ, ਪ੍ਰਾਪਤ-ਕਰਤਾ ਰਾਜ ਦੇ ਏਜੰਟ, ਮਿਸ਼ਨ ਦੇ ਮੁੱਖੀ ਦੀ ਸੰਮਤੀ ਤੋਂ ਬਿਨਾਂ ਉਸ ਵਿੱਚ ਦਾਖ਼ਲ ਨਹੀਂ ਹੋ ਸਕਣਗੇ ।

2. ਪ੍ਰਾਪਤ-ਕਰਤਾ ਰਾਜ ਇਸ ਵਿਸ਼ੇਸ਼ ਕਰਤੱਵ ਦੇ ਅਧੀਨ ਹੈ ਕਿ ਉਹ ਮਿਸ਼ਨ ਦੇ ਘਰ-ਖੇਤਰ ਵਿੱਚ ਕਿਸੇ ਘੁਸਪੈਠ ਜਾਂ ਨੁਕਸਾਨ ਤੋਂ ਹਿਫ਼ਾਜ਼ਤ ਕਰਨ ਲਈ ਸਭ ਮੁਨਾਸਬ ਕਦਮ ਚੁੱਕੇ ਅਤੇ ਮਿਸ਼ਨ ਦੀ ਸ਼ਾਂਤੀ ਵਿੱਚ ਗੜ ਬੜ ਪੈਣ ਅਤੇ ਉਸਦੇ ਗੌਰਵ ਨੂੰ ਜ਼ੁਹਫ਼ ਪਹੰਚਣ ਤੋਂ ਰੋਕਥਾਮ ਕਰੇ ।

3. ਮਿਸ਼ਨ ਦਾ ਘਰ-ਖੇਤਰ, ਉਸਦਾ ਸਾਮਾਨ ਆਦਿ ਅਤੇ ਉਸਤੇ ਪਈ ਹੋਰ ਸਪੱਤੀ ਅਤੇ ਮਿਸ਼ਨ ਦੇ ਟਰਾਂਸਪੋਰਟ ਦੇ ਸਾਧਨ ਤਲਾਸ਼ੀ, ਅਧਿਗ੍ਰਹਿਣ, ਕੁਰਕੀ ਜਾਂ ਇਜਰਾ ਤੋਂ ਉਨਮੁਕਤ ਹੋਣਗੇ ।

ਅਨੁਛੇਦ 23

1. ਭੇਜਣ ਵਾਲਾ ਰਾਜ ਅਤੇ ਮਿਸ਼ਨ ਦਾ ਮੁੱਖੀ,ਮਿਸ਼ਨ ਦੇ ਘਰ-ਖੇਤਰ ਦੇ ਬਾਰੇ, ਭਾਵੇਂ ਉਹ ਮਿਸ਼ਨ ਦੀ ਮਲਕੀਅਤ ਹੋਵੇ ਜਾਂ ਪੱਟੇ ਤੇ, ਸਭ ਕੌਮੀ, ਪ੍ਰਦੇਸ਼ਕ ਜਾਂ ਨਗਰ-ਪਾਲਕਾ ਦੇ ਕਰਾਂ ਅਤੇ ਟੈਕਸਾਂ ਤੋਂ, ਸਿਵਾਏ ਉਨ੍ਹਾਂ ਦੇ ਜੋ ਕੀਤੀਆਂ ਗਈਆਂ ਵਿਸ਼ੇਸ਼ ਸੇਵਾਵਾਂ ਲਈ ਅਦਾਇਗੀਆਂ ਦਰਸਾਉਂਦੇ ਹਨ, ਛੋਟ-ਪ੍ਰਾਪਤ ਹੋਵੇਗਾ ।

2. ਇਸ ਅਨੁਛੇਦ ਵਿੱਚ ਹਵਾਲਾ ਦਿੱਤੀ ਟੈਕਸ ਲਾਉਣ ਤੋਂ ਛੋਟ, ਅਜਿਹੇ ਕਰਾਂ ਅਤੇ ਟੈਕਸਾਂ ਨੂੰ ਲਾਗੂ ਨਹੀਂ ਹੋਵੇਗੀ ਜੋ ਪ੍ਰਾਪਤ-ਕਰਤਾ ਰਾਜ ਦੇ ਕਾਨੂੰਨ ਅਧੀਨ ਅਜਿਹੇ ਵਿਅਕਤੀਆਂ ਦੁਆਰਾ ਅਦਾਇਗੀਯੋਗ ਹਨ ਜੋ ਭੇਜਣ ਵਾਲੇ ਰਾਜ ਜਾਂ ਮਿਸ਼ਨ ਦੇ ਮੁੱਖੀ ਨਾਲ ਮੁਆਇਦਾ ਕਰਦੇ ਹਨ ।

ਅਨੁਛੇਦ 24

ਮਿਸ਼ਨ ਦੇ ਮਹਾਫ਼ਜ਼ਖਾਨੇ ਅਤੇ ਦਸਤਾਵੇਜ਼ਾਂ ਹਰ ਸਮੇਂ ਅਤੇ ਜਿੱਥੇ ਕਿਤੇ ਵੀ ਹੋਣ, ਅਣਉਲੰਘਣੀ ਹੋਣਗੇ ।

ਅਨੁਛੇਦ 27

1, ਪ੍ਰਾਪਤ-ਕਰਤਾ ਰਾਜ,ਸਰਕਾਰੀ ਪ੍ਰਯੋਜਨਾਂ ਲਈ,ਮਿਸ਼ਨ ਦੁਆਰਾ ਬੇਰੋਕ ਸੰਚਾਰ ਦੀ ਇਜਾਜ਼ਤ ਦੇਵੇਗਾ ਅਤੇ ਸੰਚਾਰ ਦੀ ਹਿਫ਼ਾਜ਼ਤ ਕਰੇਗਾ। ਭੇਜਣ ਵਾਲੇ ਰਾਜ ਦੀ ਸਰਕਾਰ ਨਾਲ ਅਤੇ ਉਸਦੇ ਹੋਰ ਮਿਸ਼ਨਾਂ ਅਤੇ ਕੌਂਸਲੇਟਾਂ ਨਾਲ, ਭਾਵੇਂ ਉਹ ਕਿਤੇ ਵੀ ਸਥਿਤ ਹੋਣ, ਸੰਪਰਕ ਕਰਨ ਸਮੇਂ ਮਿਸ਼ਨ ਸਭ ਮੁਨਾਸਬ ਸਾਧਨਾਂ ਦੀ ਜਿਸ ਵਿੱਚ ਸਫ਼ਾਰਤੀ ਹਰਕਾਰੇ ਅਤੇ ਗੁਪਤ ਸੰਕੇਤ ਅਤੇ ਗੁਪਤ ਲਿਪੀ ਵਿੱਚ ਦਿੱਤੇ ਸੰਦੇਸ਼ ਵੀ ਸ਼ਾਮਲ ਹਨ,ਵਰਤੋਂ ਕਰ ਸਕੇਗਾ । ਐਪਰ ਮਿਸ਼ਨ ਬੇਤਾਰ ਟਰਾਂਸਮਿਟਰ ਕੇਵਲ ਪ੍ਰਾਪਤ-ਕਰਤਾ ਰਾਜ ਦੀ ਸੰਮਤੀ ਨਾਲ ਹੀ ਲਾ ਅਤੇ ਵਰਤ ਸਕੇਗਾ ।

2. ਮਿਸ਼ਨ ਦੇ ਸਰਕਾਰੀ ਪੱਤਰ-ਵਿਹਾਰ ਅਣਉਲੰਘਣੀ ਹੋਣਗੇ । ਸਰਕਾਰੀ ਪੱਤਰ-ਵਿਹਾਰ ਦਾ ਮਤਲਬ ਹੈ ਮਿਸ਼ਨ ਅਤੇ ਉਸਦੇ ਕਾਜਕਾਰਾਂ ਨਾਲ ਸੰਬੰਧਤ ਸਭ ਪੱਤਰ-ਵਿਹਾਰ ।

3. ਸਫ਼ਾਰਤੀ ਥੈਲਾ ਖੋਲ੍ਹਿਆ ਜਾਂ ਰੋਕਿਆ ਨਹੀਂ ਜਾਵੇਗਾ ।

4. ਸਫ਼ਾਰਤੀ ਥੈਲੇ ਦੇ ਪੈਕੇਜਾਂ ਅਤੇ ਉਨ੍ਹਾਂ ਦੀ ਪ੍ਰਕਿਰਤੀ ਦੇ ਦ੍ਰਿਸ਼ਟਮਾਨ ਬਾਹਰਲੇ ਨਿਸ਼ਾਨ ਹੋਣੇ ਜ਼ਰੂਰੀ ਹਨ ਅਤੇ ਉਨ੍ਹਾਂ ਵਿੱਚ ਕੇਵਲ ਸਫ਼ਾਰਤੀ ਦਸਤਾਵੇਜ਼ਾਂ ਜਾਂ ਸਰਕਾਰੀ ਵਰਤੋਂ ਲਈ ਚਿਤਵਤ ਵਸਤਾਂ ਰੱਖੀਆਂ ਜਾ ਸਕਣਗੀਆਂ ।

5. ਸਫ਼ਾਰਤੀ ਡਾਕ-ਵਾਹਕ ਦੀ, ਜਿਸ ਨੂੰ ਇੱਕ ਸਰਕਾਰੀ ਦਸਤਾਵੇਜ਼ ਦਿੱਤੀ ਜਾਵੇਗੀ ਜਿਸ ਵਿਚ ਉਸਦਾ ਰੁਤਬਾ ਅਤੇ ਸਫ਼ਾਰਤੀ ਥੈਲੇ ਦੇ ਪੈਕੇਜਾਂ ਦੀ ਗਿਣਤੀ ਦੱਸੀ ਹੋਵੇਗੀ, ਆਪਣੇ ਕਾਜਕਾਰ ਕਰਨ ਵਿੱਚ ਪ੍ਰਾਪਤ-ਕਰਤਾ ਰਾਜ ਦੁਆਰਾ ਹਿਫ਼ਾਜ਼ਤ ਕੀਤੀ ਜਾਵੇਗੀ । ਉਸ ਨੂੰ ਨਿਜੀ ਸੁਰਖਿਅਤਾ ਪ੍ਰਾਪਤ ਹੋਵੇਗੀ ਅਤੇ ਉਹ ਕਿਸੇ ਪ੍ਰਕਾਰ ਦੀ ਗ੍ਰਿਫ਼ਤਾਰੀ ਜਾਂ ਨਜ਼ਰਬੰਦੀ ਦਾ ਭਾਗੀ ਨਹੀਂ ਹੋਵੇਗਾ ।

6. ਭੇਜਣ ਵਾਲਾ ਰਾਜ ਜਾਂ ਮਿਸ਼ਨ ਤਦ-ਅਰਥ ਸਫ਼ਾਰਤੀ ਡਾਕ-ਵਾਹਕ ਥਾਪ ਸਕੇਗਾ । ਅਜਿਹੀਆਂ ਸੂਰਤਾਂ ਵਿੱਚ ਇਸ ਅਨੁਛੇਦ ਦੇ ਪੈਰਾ 5 ਦੇ ਉਪਬੰਧ ਵੀ ਲਾਗੂ ਹਣਗੇ, ਸਿਵਾਏ ਇਸਦੇ ਕਿ ਜਦ ਅਜਿਹਾ ਡਾਕ-ਵਾਹਕ ਆਪਣੇ ਚਾਰਜ ਵਿਚਲਾ ਸਫ਼ਾਰਤੀ ਥੈਲਾ ਪ੍ਰਾਪਕ ਦੇ ਹਵਾਲੇ ਕਰ ਚੁੱਕੇਗਾ, ਤਾਂ ਉਸ ਵਿੱਚ ਜ਼ਿਕਰ ਕੀਤੀਆਂ ਉਨਮੁਕਤੀਆਂ ਉਸ ਨੂੰ ਲਾਗੂ ਨਹੀਂ ਰਹਿਣਗੀਆਂ ।

7. ਸਫ਼ਾਰਤੀ ਥੈਲਾ ਕਿਸੇ ਅਜਿਹੇ ਵਣਜਕ ਵਾਯੂਯਾਨ ਦੇ ਕਪਤਾਨ ਨੂੰ ਸੌਂਪਿਆ ਜਾ ਸਕੇਗਾ ਜਿਸ ਨੂੰ ਸਮਾਂ-ਸੂਚੀ ਅਨੁਸਾਰ ਅਖ਼ਤਿਆਰਤ ਕਿਸੇ ਪ੍ਰਵੇਸ਼ ਪੋਰਟ ਤੇ ਉਤਰਨਾ ਹੈ। ਉਸਨੂੰ ਇੱਕ ਸਰਕਾਰੀ ਦਸਤਾਵੇਜ਼ ਦਿੱਤੀ ਜਾਵੇਗੀ ਜਿਸ ਵਿੱਚ ਥੈਲੇ ਦੇ ਪੈਕੇਜਾਂ ਦੀ ਗਿਣਤੀ ਦੱਸੀ ਹੋਵੇਗੀ, ਪਰ ਉਹ ਸਫ਼ਾਰਤੀ ਡਾਕ-ਵਾਹਕ ਨਹੀਂ ਸਮਝਿਆ ਜਾਵੇਗਾ। ਮਿਸ਼ਨ ਆਪਣੇ ਮੈਂਬਰਾਂ ਵਿੱਚੋਂ ਕਿਸੇ ਨੂੰ, ਵਾਯੂਯਾਨ ਦੇ ਕਪਤਾਨ ਤੋਂ ਸਿੱਧੇ ਅਤੇ ਬੇਰੋਕ ਤੌਰ ਤੇ ਸਫ਼ਾਰਤੀ ਥੈਲਾ ਆਪਣੇ ਕਬਜ਼ੇ ਵਿੱਚ ਲੈਣ ਲਈ ਭੇਜ ਸਕੇਗਾ।

ਅਨੁਛੇਦ 28

ਮਿਸ਼ਨ ਦੁਆਰਾ ਆਪਣੇ ਸਰਕਾਰੀ ਕਰਤੱਵਾਂ ਦੇ ਅਨੁਕ੍ਰਮ ਵਿੱਚ ਲਾਈਆਂ ਗਈਆਂ ਫ਼ੀਸਾਂ ਅਤੇ ਚਾਰਜਾਂ ਨੂੰ ਸਭ ਕਰਾਂ ਅਤੇ ਟੈਕਸਾਂ ਤੋਂ ਛੋਟ ਪ੍ਰਾਪਤ ਹੋਵੇਗੀ।

ਅਨੁਛੇਦ 29

ਸਫ਼ਾਰਤੀ ਏਜੰਟ ਨੂੰ ਨਿਜੀ ਸੁਰਖਿਅਤਾ ਪ੍ਰਾਪਤ ਹਵੇਗੀ। ਉਹ ਕਿਸੇ ਪ੍ਰਕਾਰ ਦੀ ਗ੍ਰਿਫ਼ਤਾਰੀ ਜਾਂ ਨਜ਼ਰਬੰਦੀ ਦਾ ਭਾਗੀ ਨਹੀਂ ਹਵੇਗਾ। ਪ੍ਰਾਪਤ-ਕਰਤਾ ਰਾਜ ਉਸ ਨਾਲ ਯੋਗ ਆਦਰ ਵਾਲਾ ਸਲੂਕ ਕਰੇਗਾ ਅਤੇ ਉਸ ਦੇ ਸਰੀਰ, ਸੁਤੰਤਰਤਾ ਅਤੇ ਗੌਰਵ ਤੇ ਕਿਸੇ ਵੀ ਹਮਲੇ ਨੂੰ ਰੋਕਣ ਲਈ ਮੁਨਾਸਬ ਕਦਮ ਚੁੱਕੇਗਾ।

ਅਨੁਛੇਦ 30

1. ਸਫ਼ਾਰਤੀ ਏਜੰਟ ਦੇ ਨਿਜੀ ਨਿਵਾਸ ਨੂੰ ਉਹੀ ਅਣਉਲੰਘਣਤਾ ਅਤੇ ਹਿਫ਼ਾਜ਼ਤ ਪ੍ਰਾਪਤ ਹਵੇਗੀ ਜ ਮਿਸ਼ਨ ਦੇ ਘਰ-ਖੇਤਰ ਨੂੰ ਪ੍ਰਾਪਤ ਹੈ।

2. ਉਸਦੇ ਕਾਗ਼ਜ਼-ਪੱਤਰ, ਪੱਤਰ-ਵਿਹਾਰ ਅਤੇ, ਜਿਵੇਂ ਅਨੁਛੇਦ 31 ਦੇ ਪੈਰਾ 3 ਵਿੱਚ ਉਪਬੰਧ ਕੀਤਾ ਗਿਆ ਹੈ ਉਸ ਦੇ ਸਿਵਾਏ, ਉਸਦੀ ਸੰਪੱਤੀ ਨੂੰ ਉਸੇ ਤਰ੍ਹਾਂ ਹੀ ਅਣਉਲੰਘਣਤਾ ਪ੍ਰਾਪਤ ਹੋਵੇਗੀ।

ਅਨੁਛੇਦ 31

1. ਸਫ਼ਾਰਤੀ ਏਜੰਟ ਨੂੰ ਪ੍ਰਾਪਤ-ਕਰਤਾ ਰਾਜ ਦੀ ਫ਼ੌਜਦਾਰੀ ਅਧਿਕਾਰਤਾ ਤਂ ਉਨਮੁਕਤੀ ਪ੍ਰਾਪਤ ਹੋਵੇਗੀ। ਉਸ ਨੂੰ ਹੇਠ-ਲਿਖੀਆਂ ਸੂਰਤਾਂ ਦੇ ਸਿਵਾਏ, ਉਸ ਦੀ ਦੀਵਾਨੀ ਅਤੇ ਪ੍ਰਾਸ਼ਸਨੀ ਅਧਿਕਾਰਤਾ ਤੋਂ ਵੀ ਉਨਮੁਕਤੀ ਪ੍ਰਾਪਤ ਹੋਵੇਗੀ, ਅਰਥਾਤ :

(ੳ) ਪ੍ਰਾਪਤ-ਕਰਤਾ ਰਾਜ ਦੇ ਰਾਜ-ਖੇਤਰ ਵਿੱਚ ਸਥਿਤ ਨਿਜੀ ਅਚੁੱਕਵੀਂ ਸਪੱਤੀ ਨਾਲ ਸੰਬੰਧਤ ਮੁਕੱਦਮਾ, ਜੇਕਰ ਉਸ ਨੇ ਉਹ ਭੇਜਣ ਵਾਲੇ ਰਾਜ ਦੇ ਨਮਿੱਤ ਮਿਸ਼ਨ ਦੇ ਪ੍ਰਯੋਜਨਾਂ ਲਈ ਧਾਰਨ ਨ ਕੀਤੀ ਹੋਈ ਹੋਵੇ ;

(ਅ) ਉਤਰ-ਅਧਿਕਾਰ ਸੰਬੰਧੀ ਮੁਕੱਦਮਾ, ਜਿਸ ਵਿੱਚ ਸਫ਼ਾਰਤੀ ਏਜੰਟ ਪ੍ਰਾਈਵੇਟ ਵਿਅਕਤੀ ਦੇ ਤੌਰ ਤੇ, ਨ ਕਿ ਭੇਜਣ ਵਾਲੇ ਰਾਜ ਦੇ ਨਮਿੱਤ, ਸਾਧਕ, ਪ੍ਰਸ਼ਾਸਕ ਵਾਰਸ ਜਾਂ ਵਸੀਅਤ-ਪਾਤਰ ਵਜਂ ਪਲਚਿਆ ਹੋਇਆ ਹੈ ;

(ਏ) ਸਫ਼ਾਰਤੀ ਏਜੰਟ ਦੁਆਰਾ, ਪ੍ਰਾਪਤ-ਕਰਤਾ ਰਾਜ ਵਿੱਚ ਆਪਣੇ ਸਰਕਾਰੀ ਕਾਜਕਾਰਾਂ ਤੋਂ ਬਾਹਰ ਕੀਤੀ ਜਾਂਦੀ ਕਿਸੇ ਪੇਸ਼ਾਵਰਾਨਾ ਜਾਂ ਵਣਜਕ ਸਰਗਰਮੀ ਨਾਲ ਸੰਬੰਧਤ ਕਈ ਮੁਕੱਦਮਾ।

2, ਸਫ਼ਾਰਤੀ ਏਜੰਟ ਗਵਾਹ ਵਜੋਂ ਸ਼ਹਾਦਤ ਦੇਣ ਲਈ ਪਾਬੰਦ ਨਹੀਂ ਹੈ।

3. ਕਿਸੇ ਸਫ਼ਾਰਤੀ ਏਜੰਟ ਬਾਰੇ ਇਜਰਾ ਦੀ ਕੋਈ ਕਾਰਵਾਈ ਨਹੀਂ ਕੀਤੀ ਜਾ ਸਕੇਗੀ, ਸਿਵਾਏ ਉਨ੍ਹਾਂ ਸੂਰਤਾਂ ਦੇ ਜੋ ਇਸ ਅਨੁਛੇਦ ਦੇ ਪੈਰਾ 1 ਦੇ ਉਪ-ਪੈਰਾ (ੳ), (ਅ) ਅਤੇ (ੲ) ਵਿੱਚ ਆਉਂਦੀਆਂ ਹਨ, ਅਤੇ ਉਹ ਵੀ ਤਦ ਜਦ ਸੰਬੰਧਤ ਕਾਰਵਾਈ, ਉਸਦੇ ਸਰੀਰ ਦੀ ਜਾਂ ਉਸਦੇ ਨਿਵਾਸ ਦੀ ਨਿਜੀ-ਸੁਰਖਿਅਤਾ ਭੰਗ ਕੀਤੇ ਬਿਨਾਂ, ਕੀਤੀ ਜਾ ਸਕਦੀ ਹੋਵੇ।

4. ਪ੍ਰਾਪਤ-ਕਰਤਾ ਰਾਜ ਦੀ ਅਧਿਕਾਰਤਾ ਤੋਂ ਸਫ਼ਾਰਤੀ ਏਜੰਟ ਦੀ ਉਨਮੁਕਤੀ ਉਸ ਨੂੰ ਭੇਜਣ ਵਾਲ ਰਾਜ ਦੀ ਅਧਿਕਾਰਤਾ ਤੋਂ ਛੋਟ ਨਹੀਂ ਦਿੰਦੀ।

ਅਨੁਛੇਦ 32

1. ਸਫ਼ਾਰਤੀ ਏਜੰਟਾਂ ਅਤੇ ਉਨ੍ਹਾਂ ਵਿਅਕਤੀਆਂ ਦੀ ਜਿਨ੍ਹਾਂ ਨੂੰ ਅਨੁਛੇਦ 37 ਅਧੀਨ ਉਨਮੁਕਤੀ ਪ੍ਰਾਪਤ ਹੈ ਉਨਮੁਕਤੀ ਦਾ ਭੇਜਣ ਵਾਲੇ ਰਾਜ ਦੁਆਰਾ ਤਰਕ ਕੀਤਾ ਜਾ ਸਕੇਗਾ।

2. ਇਹ ਜ਼ਰੂਰੀ ਹੈ ਕਿ ਤਰਕ ਹਮੇਸ਼ਾਂ ਅਭਿਵਿਅਕਤ ਹੋਵੇ।

3. ਸਫ਼ਾਰਤੀ ਏਜੰਟ ਦੁਆਰਾ ਜਾਂ ਅਜਿਹੇ ਵਿਅਕਤੀ ਦੁਆਰਾ ਜਿਸ ਨੂੰ ਅਨੁਛੇਦ 37 ਅਧੀਨ ਅਧਿਕਾਰਤਾ ਤੋਂ ਉਨਮੁਕਤੀ ਪ੍ਰਾਪਤ ਹੈ, ਕਾਰਵਾਈਆਂ ਦਾ ਸ਼ੁਰੂ ਕੀਤਾ ਜਾਣਾ ਉਸ ਨੂੰ ਮੂਲ ਕਲੇਮ ਨਾਲ ਸਿੱਧੇ ਤੌਰ ਤੇ ਤਲੱਕ ਰੱਖਣ ਵਾਲੇ ਕਿਸੇ ਜਵਾਬੀ ਕਲੇਮ ਦੇ ਬਾਰੇ ਅਧਿਕਾਰਤਾ ਤੋਂ ਉਨਮੁਕਤੀ ਦਾ ਆਸਰਾ ਲੈਣ ਤੋਂ ਵਰਜਿਤ ਕਰ ਦੇਵੇਗਾ।

4. ਦੀਵਾਨੀ ਜਾਂ ਪ੍ਰਸ਼ਾਸਨੀ ਕਾਰਵਾਈਆਂ ਬਾਰੇ ਅਧਿਕਾਰਤਾ ਤੋਂ ਉਨਮੁਕਤੀ ਦੇ ਤਰਕ ਦੇ ਬਾਰੇ ਇਹ ਕਰਾਰ ਨਹੀਂ ਦਿੱਤਾ ਜਾਵੇਗਾ ਕਿ ਉਸ ਤੋਂ ਨਿਰਣੇ ਦੀ ਇਜਰਾ ਬਾਰੇ ਉਨਮੁਕਤੀ ਦਾ ਤਰਕ ਅਰਥਾਵਾਂ ਹੈ। ਉਸ ਦੇ ਲਈ ਵੱਖਰਾ ਤਰਕ ਜ਼ਰੂਰੀ ਹੋਵੇਗਾ।

ਅਨੁਛੇਦ 33

1. ਇਸ ਅਨੁਛੇਦ ਦੇ ਪੈਰਾ 3 ਦੇ ਉਪਬੰਧਾਂ ਦੇ ਤਾਬੇ, ਸਫ਼ਾਰਤੀ ਏਜੰਟ ਨੂੰ ਭੇਜਣ ਵਾਲੇ ਰਾਜ ਲਈ ਕੀਤੀਆਂ ਗਈਆਂ ਸੇਵਾਵਾਂ ਦੇ ਬਾਰੇ, ਉਨ੍ਹਾਂ ਸਮਾਜਕ ਸੁਰਖਿਆ ਉਪਬੰਧਾਂ ਤੋਂ ਜੋ ਪ੍ਰਾਪਤ-ਕਰਤਾ ਰਾਜ ਵਿੱਚ ਨਾਫ਼ਜ਼ ਹੋਣ, ਛੋਟ ਹੋਵੇਗੀ।

2. ਇਸ ਅਨੁਛੇਦ ਦੇ ਪੈਰਾ 1 ਵਿੱਚ ਉਪਬੰਧਤ ਛਟ, ਉਨ੍ਹਾਂ ਨਿਜੀ ਸੇਵਕਾਂ ਨੂੰ ਵੀ ਲਾਗੂ ਹਵੇਗੀ ਜੋ ਸਫ਼ਾਰਤੀ ਏਜੰਟ ਦੇ ਵਾਹਦ ਨਿਯੋਜਨ ਵਿੱਚ ਹਨ, ਪਰ ਇਸ ਸ਼ਰਤ ਤੇ :

(ੳ) ਕਿ ਉਹ ਪ੍ਰਾਪਤ-ਕਰਤਾ ਰਾਜ ਦੇ ਰਾਸ਼ਟਰਿਕ ਜਾਂ ਉਸ ਵਿੱਚ ਸਥਾਈ ਤੌਰ ਤੇ ਨਿਵਾਸੀ ਨਹੀਂ ਹਨ ; ਅਤੇ

(ਅ) ਕਿ ਉਹ ਸਮਾਜਕ ਸੁਰਖਿਆ ਦੇ ਉਨ੍ਹਾਂ ਉਪਬੰਧਾਂ ਅਧੀਨ ਆਉਂਦੇ ਹਨ, ਜ ਭੇਜਣ ਵਾਲੇ ਰਾਜ ਜਾਂ ਕਿਸੇ ਅਨਯ ਰਾਜ ਵਿੱਚ ਨਾਫ਼ਜ਼ ਹੋਣ।

3. ਜੋ ਸਫ਼ਾਰਤੀ ਏਜੰਟ ਅਜਿਹੇ ਵਿਅਕਤੀ ਨਿਯੋਜਤ ਕਰਦਾ ਹੈ, ਜਿਨ੍ਹਾਂ ਨੂੰ ਇਸ ਅਨੁਛੇਦ ਤੇ ਪੈਰੇ 2 ਵਿੱਚ ਉਪਬੰਧਤ ਛੋਟ ਲਾਗੂ ਨਹੀਂ ਹੁੰਦੀ, ਉਹ ਉਨ੍ਹਾਂ ਬਾਂਧਾਂ ਦੀ ਪਾਲਣਾ ਕਰੇਗਾ, ਜੋ ਪ੍ਰਾਪਤ-ਕਰਤਾ ਰਾਜ ਦੇ ਸਮਾਜਕ ਸੁਰਖਿਆ ਉਪਬੰਧ ਨਿਯੋਜਕਾਂ ਤੇ ਅਰੋਪਦੇ ਹਨ।

4. ਇਸ ਅਨੁਛੇਦ ਦੇ ਪੈਰਾ 1 ਅਤੇ 2 ਵਿੱਚ ਉਪਬੰਧਤ ਛਟ, ਪ੍ਰਾਪਤ-ਕਰਤਾ ਰਾਜ ਦੀ ਸਮਾਜਕ ਸੁਰਖਿਆ ਪ੍ਰਣਾਲੀ ਵਿੱਚ ਸਵੈ-ਇੱਛਾ ਨਾਲ ਭਾਗ ਲੈਣ ਤੋਂ ਵਰਜਿਤ ਨਹੀਂ ਕਰੇਗੀ ਪਰੰਤੂ ਇਹ ਤਦ ਜਦ ਅਜਿਹੇ ਭਾਗ ਲੈਣ ਦੀ ਇਜਾਜ਼ਤ ਉਸ ਰਾਜ ਦਆਰਾ ਦਿੱਤੀ ਗਈ ਹੈ।

5. ਇਸ ਅਨਛੇਦ ਦੇ ਉਪਬੰਧ ਸਮਾਜਕ ਸੁਰੱਖਿਆ ਸੰਬੰਧੀ ਪਹਿਲਾਂ ਕੀਤੇ ਜਾ ਚੁੱਕੇ ਦੋ-ਪੱਖੀ ਜਾਂ ਬਹੁ-ਪੱਖੀ ਕਰਾਰਾਂ ਨੂੰ ਲਾਗੂ ਨਹੀਂ ਹੋਣਗੇ ਅਤੇ ਭਵਿਖ ਵਿੱਚ ਅਜਿਹੇ ਕਰਾਰਾਂ ਦਾ ਕੀਤਾ ਜਾਣਾ ਨਹੀਂ ਰੋਕਣਗੇ ।

ਅਨੁਛੇਦ 34

ਸਫ਼ਾਰਤੀ ਏਜੰਟ ਨੂੰ ਕੌਮੀ, ਪ੍ਰਦੇਸ਼ਕ ਜਾਂ ਨਗਰਪਾਲਕਾਂ ਦੇ ਵਿਅਕਤੀਗਤ ਜਾਂ ਸੰਪੱਤੀਗਤ ਸਭ ਕਰ ਅਤੇ ਟੈਕਸਾਂ ਤੋਂ, ਛੋਟ ਹੋਵੇਗੀ, ਸਿਵਾਏ ਹੇਠ-ਲਿਖਿਆਂ ਦੇ :

(ੳ) ਕਿਸੇ ਅਜਿਹੇ ਕਿਸਮ ਦੇ ਅਪ੍ਰਤਖ ਟੈਕਸ, ਜੋ ਨਾਰਮਲ ਤੌਰ ਤੇ ਮਾਲ ਜਾਂ ਸੇਵਾਵਾਂ ਦੀ ਕੀਮਤ ਵਿੱਚ ਸ਼ਾਮਲ ਹੁੰਦੇ ਹਨ ;

(ਅ) ਪ੍ਰਾਪਤ-ਕਰਤਾ ਰਾਜ ਦੇ ਰਾਜਖੇਤਰ ਵਿੱਚ ਸਥਿੱਤ ਨਿਜੀ ਅਚੁੱਕਵੀਂ ਸੰਪਤੀ ਤੇ ਕਰ ਅਤੇ ਟੈਕਸ ਜੇਕਰ ਉਸ ਨੇ ਉਹ ਸੰਪੱਤੀ ਭੇਜਣ ਵਾਲੇ ਰਾਜ ਦੇ ਨਮਿੱਤ ਮਿਸ਼ਨ ਦੇ ਪ੍ਰਯੋਜਨਾਂ ਲਈ ਧਾਰਨ ਨ ਕੀਤੀ ਹੋਈ ਹੋਵੇ ;

(ੲ) ਪ੍ਰਾਪਤ-ਕਰਤਾ ਰਾਜ ਦੁਆਰਾ ਲਾਏ ਗਏ ਸੰਪਦਾ, ਉੱਤਰ-ਅਧਿਕਾਰ ਜਾਂ ਵਰਾਸਤ ਮਸੂਲ, ਅਨੁਛੇਦ 39 ਦੇ ਪੈਰਾ 4 ਦੇ ਉਪਬੰਧਾਂ ਦੇ ਤਾਬੇ ;

(ਸ) ਅਜਿਹੀ ਨਿਜੀ ਆਮਦਨ ਤੇ ਕਰ ਅਤੇ ਟੈਕਸ ਜਿਸ ਦਾ ਸੋਮਾ ਪ੍ਰਾਪਤ-ਕਰਤਾ ਰਾਜ ਵਿੱਚ ਹੋਵ ਅਤੇ ਪ੍ਰਾਪਤ-ਕਰਤਾ ਰਾਜ ਵਿੱਚ ਵਣਜਕ ਉਪਕ੍ਰਮਾਂ ਵਿੱਚ ਲਾਈ ਗਈ ਪੂੰਜੀ ਤੇ ਪੂੰਜੀ ਟੈਕਸ ;

(ਹ) ਕੀਤੀਆਂ ਗਈਆਂ ਵਿਸ਼ੇਸ਼-ਸੇਵਾਵਾਂ ਲਈ ਲਾਏ ਗਏ ਚਾਰਜ ;

(ਕ) ਅਨੁਛੇਦ 23 ਦੇ ਉਪਬੰਧਾਂ ਦੇ ਤਾਬੇ, ਅਚੁੱਕਵੀਂ ਸੰਪੱਤੀ ਬਾਰੇ, ਰਜਿਸਟਰੀ, ਕੋਰਟ ਜਾਂ ਰਿਕਾਰਡ ਫ਼ੀਸ, ਰਹਿਨ ਦੀਆਂ ਦੇਣਯੋਗ ਰਕਮਾਂ ਅਤੇ ਸਟੈਂਪ ਮਸੂਲ ।

ਅਨੁਛੇਦ 35

ਪ੍ਰਾਪਤ-ਕਰਤਾ ਰਾਜ, ਸਫ਼ਾਰਤੀ ਏਜੰਟਾਂ ਨੂੰ, ਸਭ ਸਰੀਰਕ ਸੇਵਾਵਾਂ ਤੋਂ, ਜੋ ਭਾਵੇਂ ਕਿਸੇ ਕਿਸਮ ਦੀ ਹੋਵੇ, ਸੈਨਿਕ ਬਾਂਧਾਂ, ਜਿਵੇਂ ਕਿ, ਅਧਿਗ੍ਰਹਿਣ, ਸੈਨਿਕ ਅੰਸ਼ਦਾਨ, ਅਤੇ ਸੈਨਿਕਾਂ ਦੇ ਰਹਿਨ-ਸਹਿਨ ਦੀ ਥਾਂ ਦੇਣ ਨਾਲ ਤਲੱਕ ਰੱਖਣ ਵਾਲੀਆਂ ਬਾਂਧਾਂ, ਤੋਂ ਛੋਟ ਦੇਵੇਗਾ ।

ਅਨੁਛੇਦ 36

1. ਪ੍ਰਾਪਤ-ਕਰਤਾ ਰਾਜ, ਅਜਿਹੇ ਕਾਨੂੰਨਾਂ ਅਤੇ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਜੋ ਉਹ ਅੰਗੀਕਾਰ ਕਰੇ, ਹੇਠ-ਲਿਖਿਆਂ ਦੇ ਪ੍ਰਵੇਸ਼ ਦੀ ਇਜਾਜ਼ਤ ਦੇਵੇਗਾ ਅਤੇ ਉਨ੍ਹਾਂ ਨੂੰ ਸਭ ਸੀਮਾਂ-ਮਸੂਲਾਂ, ਟੈਕਸਾਂ ਅਤੇ ਸੰਬੰਧਤ ਚਾਰਜਾਂ ਤੋਂ, ਜੋ ਸਟੋਰ ਕਰਨ, ਢੁਆਈ ਅਤੇ ਉਸ ਵਰਗੀਆਂ ਹੋਰ ਸੇਵਾਵਾਂ ਦੇ ਚਾਰਜਾਂ ਤੋਂ ਬਿਨਾਂ ਹੋਰ ਹੋਣ, ਛੋਟ ਦੇਵੇਗਾ :

(ੳ) ਮਿਸ਼ਨ ਦੀ ਸਰਕਾਰੀ ਵਰਤੋਂ ਲਈ ਵਸਤਾਂ ;

(ਅ) ਸਫ਼ਾਰਤੀ ਏਜੰਟ ਜਾਂ ਉਸ ਦੇ ਪਰਿਵਾਰ ਦੇ ਮੈਂਬਰਾਂ ਦੀ, ਜੋ ਉਸ ਦੇ ਟੱਬਰ ਦਾ ਭਾਗ ਹੋਣ, ਨਿਜੀ ਵਰਤੋਂ ਦੀਆਂ ਵਸਤਾਂ ਜਿਸ ਵਿੱਚ ਉਸ ਦੇ ਅਮਲੇ ਲਈ ਚਿਤਵਤ ਵਸਤਾਂ ਵੀ ਸ਼ਾਮਲ ਹਨ ।

2. ਸਫ਼ਾਰਤੀ ਏਜੰਟ ਦੇ ਨਿੱਜੀ ਸਫ਼ਰ ਸਾਮਾਨ ਨੂੰ ਨਿਰੀਖਣ ਤੋਂ ਛਟ ਹੋਵੇਗੀ, ਜੇਕਰ ਇਹ ਕਿਆਸ ਕਰਨ ਲਈ ਗੰਭੀਰ ਆਧਾਰ ਨ ਹੋਣ ਕਿ ਉਸ ਵਿੱਚ ਅਜਿਹੀਆਂ ਵਸਤਾਂ ਹਨ ਜੋ ਇਸ ਅਨੁਛੇਦ ਦੇ ਪੈਰਾ 1 ਵਿੱਚ ਜ਼ਿਕਰ ਕੀਤੀਆਂ ਛੋਟਾਂ ਅਧੀਨ ਨਹੀਂ ਆਉਂਦੀਆਂ ਜਾਂ ਜਿਨ੍ਹਾਂ ਦੀ ਦਰਾਮਦ ਜਾਂ ਬਰਾਮਦ ਪ੍ਰਾਪਤ-ਕਰਤਾ ਰਾਜ ਦੇ ਕਾਨੂੰਨ ਦੁਆਰਾ ਮਨ੍ਹਾਂ ਹੈ ਜਾਂ ਉਸਦੇ ਕੁਰਾਟੀਨ ਵਿਨਿਯਮਾਂ ਦੁਆਰਾ ਕੰਟਰੋਲ ਕੀਤੀ ਜਾਂਦੀ ਹੈ । ਅਜਿਹਾ ਨਿਰੀਖਣ ਸਫ਼ਾਰਤੀ ਏਜੰਟਾਂ ਜਾਂ ਉਸ ਦੇ ਅਖ਼ਤਿਆਰਤ ਪ੍ਰਤੀਨਿਧ ਦੀ ਹਾਜ਼ਰੀ ਵਿੱਚ ਹੀ ਕੀਤਾ ਜਾਵੇਗਾ ।

ਅਨੁਛੇਦ 37

1. ਸਫ਼ਾਰਤੀ ਏਜੰਟ ਦੇ ਪਰਿਵਾਰ ਦੇ ਮੈਂਬਰਾਂ ਨੂੰ, ਜੋ ਉਸ ਦੇ ਟੱਬਰ ਦਾ ਭਾਗ ਹਨ, ਅਤੇ ਜੇ ਉਹ ਪ੍ਰਾਪਤ-ਕਰਤਾ ਰਾਜ ਦੇ ਰਾਸ਼ਟਰਿਕ ਨਹੀਂ ਹਨ, ਅਨੁਛੇਦ 29 ਤੋਂ 36 ਵਿੱਚ ਉਲਿਖਤ ਵਿਸ਼ੇਸ-ਅਧਿਕਾਰ ਅਤੇ ਉਨਮੁਕਤੀਆਂ ਪ੍ਰਾਪਤ ਹੋਣਗੀਆਂ ।

2. ਮਿਸ਼ਨ ਦੇ ਪ੍ਰਸ਼ਾਸਨੀ ਅਤੇ ਤਕਨੀਕੀ ਅਮਲੇ ਦੇ ਮੈਂਬਰਾਂ ਨੂੰ, ਉਨ੍ਹਾਂ ਦੇ ਪਰਿਵਾਰ ਦੇ ਅਜਿਹੇ ਮੈਂਬਰਾਂ ਸਮੇਤ ਜੋ ਉਨ੍ਹਾਂ ਦੇ ਆਪਣੇ ਆਪਣੇ ਟੱਬਰ ਦਾ ਭਾਗ ਹਨ, ਜੇ ਉਹ ਪ੍ਰਾਪਤ-ਕਰਤਾ ਰਾਜ ਦੇ ਰਾਸ਼ਟਰਿਕ ਜਾਂ ਉਸ ਵਿੱਚ ਸਥਾਈ ਤੌਰ ਤੇ ਨਿਵਾਸੀ ਨਹੀਂ ਹਨ, ਅਨੁਛੇਦ 29 ਤੋਂ 35 ਵਿੱਚ ਉਲਿਖਤ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਪ੍ਰਾਪਤ ਹਣਗੀਆਂ, ਸਿਵਾਏ ਇਸ ਦੇ ਕਿ ਪ੍ਰਾਪਤ-ਕਰਤਾ ਰਾਜ ਦੀ ਦੀਵਾਨੀ ਅਤੇ ਪ੍ਰਸ਼ਾਸਨ ਅਧਿਕਾਰਤਾ ਤੋਂ ਉਨਮਕਤੀ ਜੋ ਅਨੁਛੇਦ 31 ਦੇ ਪੈਰਾ 1 ਵਿੱਚ ਉਲਿਖਤ ਹੈ, ਉਨ੍ਹਾਂ ਦੇ ਕਰਤੱਵਾਂ ਦੇ ਅਨੁਕ੍ਰਮ ਤੋਂ ਬਾਹਰ ਕੀਤੇ ਗਏ ਕਾਰਜਾਂ ਤੱਕ ਵਿਸਤਰਿਤ ਨਹੀਂ ਹੋਵੇਗੀ । ਉਨ੍ਹਾਂ ਨੂੰ ਪਹਿਲੀ ਵਾਰੀ ਲੱਗਣ ਵੇਲੇ ਦਰਾਮਦ ਕੀਤੀਆਂ ਗਈਆਂ ਵਸਤਾਂ ਬਾਰੇ, ਅਨੁਛੇਦ 36 ਦੇ ਪੈਰਾ 1 ਵਿੱਚ ਉਲਿਖਤ ਵਿਸ਼ੇਸ਼-ਅਧਿਕਾਰ ਵੀ ਪ੍ਰਾਪਤ ਹੋਣਗੇ ।

3. ਮਿਸ਼ਨ ਦੇ ਸੇਵਾ ਅਮਲੇ ਦੇ ਮੈਂਬਰਾਂ ਨੂੰ ਜੋ ਪ੍ਰਾਪਤ-ਕਰਤਾ ਰਾਜ ਦੇ ਰਾਸ਼ਟਰਿਕ ਜਾਂ ਉਸ ਵਿਚ ਸਥਾਈ ਤੌਰ ਦੇ ਨਿਵਾਸੀ ਨਹੀਂ ਹਨ, ਆਪਣੇ ਕਰਤੱਵਾਂ ਦੇ ਅਨੁਕ੍ਰਮ ਵਿੱਚ ਕੀਤੇ ਗਏ ਕਾਰਜਾਂ ਬਾਰੇ ਉਨਮੁਕਤੀ ਆਪਣੇ ਨਿਯੋਜਨ ਦੇ ਕਾਰਨ ਉਨ੍ਹਾਂ ਨੂੰ ਪ੍ਰਾਪਤ ਹੋਣ ਵਾਲੀਆਂ ਉਪਲੱਭਤਾਂ ਅਤੇ ਕਰਾਂ ਅਤੇ ਟੈਕਸਾਂ ਤੋਂ ਛੋਟ, ਅਤੇ ਅਨੁਛੇਦ 33 ਵਿੱਚ ਦਰਜ ਛੋਟ ਪ੍ਰਾਪਤ ਹੋਵੇਗੀ ।

4. ਮਿਸ਼ਨ ਦੇ ਮੈਂਬਰਾਂ ਦੇ ਨਿਜੀ ਸੇਵਕਾਂ ਨੂੰ, ਜੇ ਉਹ ਪ੍ਰਾਪਤ-ਕਰਤਾ ਰਾਜ ਦੇ ਰਾਸ਼ਟਰਿਕ ਜਾਂ ਉਸ ਵਿਚ ਸਥਾਈ ਤੌਰ ਤੇ ਨਿਵਾਸੀ ਨਹੀਂ ਹਨ, ਆਪਣੇ ਨਿਯੋਜਨ ਦੇ ਕਾਰਨ ਉਨ੍ਹਾਂ ਨੂੰ ਪ੍ਰਾਪਤ ਹੋਣ ਵਾਲੀਆਂ ਉਪਲੱਭਤਾਂ ਤੇ ਕਰਾਂ ਅਤੇ ਟੈਕਸਾਂ ਤੋਂ ਛੋਟ ਹੋਵੇਗੀ । ਹੋਰ ਗੱਲਾਂ ਵਿੱਚ ਉਨ੍ਹਾਂ ਨੂੰ ਕੇਵਲ ਉਸ ਹੱਦ ਤੱਕ ਹੀ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਪ੍ਰਾਪਤ ਹੋ ਸਕਣਗੀਆਂ ਜਿਸ ਤੱਕ ਪ੍ਰਾਪਤ-ਕਰਤਾ ਰਾਜ ਦੁਆਰਾ ਇਜਾਜ਼ਤ ਦਿੱਤੀ ਜਾਵੇ । ਐਪਰ, ਪ੍ਰਾਪਤ-ਕਰਤਾ ਰਾਜ ਲਈ ਇਹ ਜ਼ਰੂਰੀ ਹੈ ਕਿ ਉਹ ਉਨ੍ਹਾਂ ਵਿਅਕਤੀਆਂ ਤੇ ਆਪਣੀ ਅਧਿਕਾਰਤਾ ਦੀ ਵਰਤੋਂ ਅਜਿਹੇ ਤਰੀਕੇ ਨਾਲ ਕਰੇ ਕਿ ਮਿਸ਼ਨ ਦੇ ਕਾਜਕਾਰ ਕਰਨ ਵਿਚ ਅਯੋਗ ਦਖਲ-ਅੰਦਾਜ਼ੀ ਨ ਹੋਵੇ ।

ਅਨੁਛੇਦ 38

1. ਉਥੋਂ ਤੱਕ ਦੇ ਸਿਵਾਏ ਜਿੱਥੋਂ ਤੱਕ ਪ੍ਰਾਪਤ-ਕਰਤਾ ਰਾਜ ਦੁਆਰਾ ਅਤਿਰਿਕਤ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਦਿੱਤੀਆਂ ਜਾਣ, ਅਜਿਹੇ ਸਫ਼ਾਰਤੀ ਏਜੰਟ ਨੂੰ, ਜੋ ਉਸ ਰਾਜ ਦਾ ਰਾਸ਼ਟਰਿਕ ਜਾਂ ਉਸ ਵਿੱਚ ਸਥਾਈ ਤੌਰ ਤੇ ਨਿਵਾਸੀ ਹੈ, ਕੇਵਲ ਉਸਦੇ ਕਾਜਕਾਰਾਂ ਦੇ ਨਜਿਠਣ ਵਿਚ ਕੀਤੇ ਗਏ ਸਰਕਾਰੀ ਕਾਰਜਾਂ ਦੇ ਬਾਰੇ ਹੀ ਅਧਿਕਾਰਤਾ ਤੋਂ ਉਨਮੁਕਤੀ ਅਤੇ ਨਿਜੀ ਸੁਰਖਿਅਤਾ ਪ੍ਰਾਪਤ ਹੋਵੇਗੀ ।

2. ਮਿਸ਼ਨ ਦੇ ਅਮਲੇ ਦੇ ਹੋਰ ਮੈਂਬਰਾਂ ਅਤੇ ਨਿਜੀ ਸੇਵਕਾਂ ਨੂੰ, ਜੋ ਪ੍ਰਾਪਤ-ਕਰਤਾ ਰਾਜ ਦੇ ਰਾਸ਼ਟਰਿਕ ਜਾਂ ਉਸ ਵਿੱਚ ਸਥਾਈ ਤੌਰ ਤੇ ਨਿਵਾਸੀ ਹਨ, ਕੇਵਲ ਉਸ ਹੱਦ ਤੱਕ ਹੀ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਪ੍ਰਾਪਤ ਹੋਣਗੀਆਂ ਜਿੱਥੋਂ ਤੱਕ ਪ੍ਰਾਪਤ-ਕਰਤਾ ਰਾਜ ਦੁਆਰਾ ਇਜਾਜ਼ਤ ਦਿੱਤੀ ਜਾਵੇ । ਐਪਰ, ਪ੍ਰਾਪਤ-ਕਰਤਾ ਰਾਜ ਲਈ ਇਹ ਜ਼ਰੂਰੀ ਹੈ ਕਿ ਉਹ ਉਨ੍ਹਾਂ ਵਿਅਕਤੀਆਂ ਤੇ ਆਪਣੀ ਅਧਿਕਾਰਤਾ ਦੀ ਵਰਤੋਂ ਅਜਿਹੇ ਤਰੀਕੇ ਨਾਲ ਕਰੇ ਕਿ ਮਿਸ਼ਨਾਂ ਦੇ ਕਾਜਕਾਰ ਕਰਨ ਵਿੱਚ ਅਯੋਗ ਦਖਲ-ਅੰਦਾਜ਼ੀ ਨ ਹੋਵੇ ।

ਅਨੁਛੇਦ 39

1. ਹਰਿਕ ਵਿਅਕਤੀ ਨੂੰ ਜੋ ਵਿਸ਼ੇਸ਼-ਅਧਿਕਾਰਾਂ ਅਤੇ ਉਨਮੁਕਤੀਆਂ ਦਾ ਹੱਕਦਾਰ ਹੈ ਉਹ ਵਿਸ਼ੇਸ਼-ਅਧਿਕਾਰ ਅਤੇ ਉਨਮਕਤੀਆਂ ਆਪਣੀ ਆਸਾਮੀ ਨੂੰ ਸੰਭਾਲਣ ਲਈ ਪ੍ਰਾਪਤ-ਕਰਤਾ ਰਾਜ ਦੇ ਰਾਜ-ਖੇਤਰ ਵਿੱਚ ਪ੍ਰਵੇਸ਼ ਕਰਨ ਦੇ ਛਿਨ ਤੋਂ ਪ੍ਰਾਪਤ ਹੋ ਜਾਣਗੀਆਂ, ਜਾਂ ਜੇ ਉਹ ਪਹਿਲਾਂ ਹੀ ਉਸ ਦੇ ਰਾਜਖੇਤਰ ਵਿੱਚ ਹੋਵੇ ਤਾਂ ਉਸ ਛਿਨ ਤੋਂ ਪ੍ਰਾਪਤ ਹੋ ਜਾਣਗੀਆਂ ਜਦ ਉਸਦੀ ਨਿਯੁਕਤੀ ਬਦੇਸ਼ੀ ਮਾਮਲਿਆਂ ਬਾਰੇ ਮੰਤ੍ਰਾਲੇ ਨੂੰ ਜਾਂ ਅਜਿਹੇ ਹੋਰ ਮੰਤ੍ਰਾਲੇ ਨੂੰ ਜਿਸ ਬਾਰੇ ਸਹਿਮਤੀ ਹੋ ਜਾਵੇ, ਅਧਿਸੂਚਿਤ ਕੀਤੀ ਜਾਂਦੀ ਹੈ ।

2. ਜਦ ਅਜਿਹੇ ਵਿਅਕਤੀ ਦੇ ਕਾਜਕਾਰਾਂ ਦਾ ਅੰਤ ਹੋ ਜਾਂਦਾ ਹੈ, ਜਿਸ ਨੂੰ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਪ੍ਰਾਪਤ ਹਨ ਤਾਂ ਅਜਿਹੇ ਵਿਸ਼ੇਸ਼-ਅਧਿਕਾਰਾਂ ਅਤੇ ਉਨਮੁਕਤੀਆਂ ਦਾ ਅੰਤ ਨਾਰਮਲ ਤੌਰ ਤੇ ਉਸ ਛਿਨ ਜਦ ਉਹ ਉਸ ਦੇਸ ਤੋਂ ਚਲਦਾ ਹੈ, ਜਾਂ ਅਜਿਹਾ ਕਰਨ ਲਈ ਵਾਜਬ ਮੁਦੱਤ ਦੇ ਗੁਜ਼ਰਨ ਤੇ ਹੋ ਜਾਵੇਗਾ, ਪਰ ਉਹ ਉਸ ਸਮੇਂ ਤੱਕ, ਸਸ਼ਸਤਰ ਸੰਘਰਸ਼ ਦੀ ਸੂਰਤ ਵਿੱਚ ਵੀ, ਹੋਂਦ ਵਿੱਚ ਰਹਿਣਗੀਆਂ । ਐਪਰ, ਅਜਿਹੇ ਵਿਅਕਤੀ ਦੁਆਰਾ ਮਿਸ਼ਨ ਦੇ ਮੈਂਬਰ ਵਜੋਂ ਕਾਜਕਾਰਾਂ ਦੇ ਨਜਿਠਣ ਵਿੱਚ ਕੀਤੇ ਗਏ ਕਾਰਜਾਂ ਬਾਰੇ, ਉਨਮੁਕਤੀ ਦੀ ਹੋਂਦ ਬਣੀ ਰਹੇਗੀ ।

3. ਮਿਸ਼ਨ ਦੇ ਕਿਸੇ ਮੈਂਬਰ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ, ਉਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਉਹ ਵਿਸ਼ੇਸ਼-ਅਧਿਕਾਰ ਅਤੇ ਉਨਮੁਕਤੀਆਂ ਜਿਨ੍ਹਾਂ ਦੇ ਉਹ ਹੱਕਦਾਰ ਹਨ, ਉਸ ਵਾਜਬ ਮੁੱਦਤ ਦੇ ਗੁਜ਼ਰਨ ਤੱਕ ਪ੍ਰਾਪਤ ਰਹਿਣਗੀਆਂ ਜਿਸ ਵਿੱਚ ਉਨ੍ਹਾਂ ਨੇ ਦੇਸ ਤੋਂ ਚਲਾ ਜਾਣਾ ਹੈ ।

4. ਮਿਸ਼ਨ ਦੇ ਕਿਸੇ ਅਜਿਹੇ ਮੈਂਬਰ ਦੀ ਜੋ ਪ੍ਰਾਪਤ-ਕਰਤਾ ਰਾਜ ਦਾ ਰਾਸ਼ਟਰਿਕ ਜਾਂ ਉਸ ਵਿੱਚ ਸਥਾਈ ਤੌਰ ਤੇ ਨਿਵਾਸੀ ਨਹੀਂ ਹੈ ਜਾਂ ਉਸਦੇ ਪਰਿਵਾਰ ਦੇ ਅਜਿਹੇ ਜੀਅ ਦੀ ਜੋ ਉਸ ਦੇ ਟੱਬਰ ਦਾ ਭਾਗ ਹੈ,ਮੌਤ ਹੋ ਜਾਣ ਦੀ ਸੂਰਤ ਵਿੱਚ, ਪ੍ਰਾਪਤ-ਕਰਤਾ ਰਾਜ, ਉਸ ਸੰਪੱਤੀ ਦੇ ਸਿਵਾਏ ਜੋ ਉਸ ਦੇਸ ਵਿੱਚ ਅਰਜਤ ਕੀਤੀ ਗਈ ਸੀ ਅਤੇ ਜਿਸ ਦੀ ਬਰਾਮਦ ਮੌਤ ਦੇ ਸਮੇਂ ਮਨ੍ਹਾਂ ਸੀ, ਮਿਰਤਕ ਦੀ ਚੁੱਕਵੀਂ ਸੰਪੱਤੀ ਦਾ ਨਿਕਾਸ ਕਰਨ ਦੀ ਇਜਾਜ਼ਤ ਦੇਵੇਗਾ । ਉਸ ਚੁੱਕਵੀਂ ਸਪੱਤੀ ਤੇ ਸੰਪਦਾ, ਉੱਤਰ-ਅਧਿਕਾਰ ਅਤੇ ਵਰਾਸਤ ਮਸੂਲ ਨਹੀਂ ਲਾਏ ਜਾਣਗੇ ਜਿਸਦੀ ਪ੍ਰਾਪਤ-ਕਰਤਾ ਰਾਜ ਵਿੱਚ ਮੌਜੂਦਗੀ ਸਿਰਫ਼ ਇਸ ਕਰਕੇ ਸੀ ਕਿ ਮਿਰਤਕ ਮਿਸ਼ਨ ਦੇ ਮੈਂਬਰ ਵਜੋਂ ਜਾਂ ਮਿਸ਼ਨ ਦੇ ਕਿਸੇ ਮੈਂਬਰ ਦੇ ਪਰਿਵਾਰ ਦੇ ਜੀਆਂ ਵਜੋਂ ਉਥੇ ਮੌਜੂਦ ਸੀ ।

ਅਨੁਛੇਦ 40

1. ਜੇ ਕਈ ਸਫ਼ਾਰਤੀ ਏਜੰਟ ਆਪਣੀ ਆਸਾਮੀ ਸੰਭਾਲਣ ਲਈ ਚਲਣ ਵੇਲੇ ਜਾਂ ਉਸ ਤੇ ਵਾਪਸ ਜਾਣ ਜਾਂ ਆਪਣੇ ਦੇਸ ਨੂੰ ਵਾਪਸ ਜਾਣ ਵੇਲੇ ਕਿਸੇ ਅਨਯ ਰਾਜ ਦੇ ਜਿਸ ਨੇ ਉਸ ਨੂੰ ਪਾਸਪੋਰਟ/ਜੇ ਵੀਜ਼ਾ ਜ਼ਰੂਰੀ ਸੀ ਤਾਂ ਵੀਜ਼ਾਂ ਦਿੱਤਾ ਹੈ, ਰਾਜਖੇਤਰ ਵਿੱਚੋਂ ਲੰਘਦਾ ਹੈ ਜਾਂ ਉਸ ਵਿੱਚ ਹੈ, ਤਾਂ ਉਹ ਅਨਯ ਰਾਜ ਉਸ ਨੂੰ ਨਿਜੀ ਸੁਰਖਿਅਤਾ ਅਤੇ ਅਜਿਹੀਆਂ ਹੋਰ ਉਨਮੁਕਤੀਆਂ ਪ੍ਰਦਾਨ ਕਰੇਗਾ ਜੋ ਉਸ ਦਾ ਲਾਂਘਾ ਅਤੇ ਵਾਪਸੀ ਯਕੀਨੀ ਬਣਾਉਣ ਲਈ ਲੋੜੀਦੀਆਂ ਹੋਣ । ਇਹੋ ਗੱਲ ਉਸ ਦੇ ਪਰਿਵਾਰ ਦੇ ਅਜਿਹੇ ਕਿਸੇ ਜੀਆਂ ਨੂੰ ਲਾਗੂ ਹੋਵੇਗੀ ਜਿਨ੍ਹਾਂ ਨੂੰ ਵਿਸ਼ੇਸ਼-ਅਧਿਕਾਰ ਜਾਂ ਉਨਮੁਕਤੀਆਂ ਪ੍ਰਾਪਤ ਹਨ ਅਤੇ ਜੋ ਸਫ਼ਾਰਤੀ ਏਜੰਟ ਦੇ ਨਾਲ ਹਨ ਜਾਂ ਜੋ ਉਸ ਨਾਲ ਸ਼ਾਮਲ ਹੋਣ ਲਈ ਜਾਂ ਆਪਣੇ ਦੇਸ ਨੂੰ ਵਾਪਸ ਜਾਣ ਲਈ ਵੱਖਰਿਆਂ ਸਫ਼ਰ ਕਰ ਰਹੇ ਹਨ ।

2. ਜੋ ਹਾਲਾਤ ਇਸ ਅਨੁਛੇਦ ਦੇ ਪੈਰਾ 1 ਵਿੱਚ ਉਲਿਖਤ ਹਨ ਉਨ੍ਹਾਂ ਵਰਗੇ ਹਾਲਾਤ ਵਿੱਚ, ਅਨਯ ਰਾਜ, ਕਿਸੇ ਮਿਸ਼ਨ ਦੇ ਪ੍ਰਸ਼ਾਸਨੀ ਅਤੇ ਤਕਨੀਕੀ ਜਾਂ ਸੇਵਾ ਅਮਲੇ ਦੇ ਮੈਂਬਰਾਂ,ਅਤੇ ਉਨ੍ਹਾਂਦੇ ਪਰਿਵਾਰਾਂ ਦੇ ਜੀਆਂ ਦੇ, ਉਨ੍ਹਾਂ ਦੇ ਰਾਜ-ਖੇਤਰਾਂ ਵਿੱਚੋਂ ਲੰਘਣ ਵਿੱਚ ਅੜਚਨ ਨਹੀਂ ਪਾਉਣਗੇ ।

3. ਅਨਯ ਰਾਜ, ਰਾਹ ਵਿਚਲੇ ਸਰਕਾਰੀ ਪੱਤਰ-ਵਿਹਾਰ ਅਤੇ ਹੋਰ ਸਰਕਾਰੀ ਸੰਸੂਚਨਾਵਾਂ ਨੂੰ, ਜਿਨ੍ਹਾਂ ਵਿੱਚ ਗੁਪਤ ਸੰਕੇਤ ਅਤੇ ਗੁਪਤ ਲਿਪੀ ਵਿੱਚ ਦਿੱਤੇ ਸੰਦੇਸ਼ ਵੀ ਸ਼ਾਮਲ ਹਨ, ਉਹੀ ਸੁਤੰਤਰਤਾ ਅਤੇ ਹਿਫ਼ਾਜ਼ਤ ਪ੍ਰਦਾਨ ਕਰਨਗੇ, ਜੋ ਪ੍ਰਾਪਤ-ਕਰਤਾ ਰਾਜ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ । ਉਹ ਸਫ਼ਾਰਤੀ ਡਾਕ-ਵਾਹਕਾਂ ਨੂੰ, ਜਿਨ੍ਹਾਂ ਨੂੰ ਪਾਸਪੋਰਟ/ਜੇ ਵੀਜ਼ਾ ਜ਼ਰੂਰੀ ਸੀ ਤਾਂ ਵੀਜ਼ਾ ਦਿੱਤਾ ਗਿਆ ਹੈ, ਅਤੇ ਰਾਹ ਵਿਚਲੇ ਸਫ਼ਾਰਤੀ ਥੈਲਿਆਂ ਨੂੰ, ਉਹੀ ਨਿਜੀ ਸੁਰਖਿਅਤਾ ਅਤੇ ਹਿਫ਼ਾਜ਼ਤ ਪ੍ਰਦਾਨ ਕਰਨਗੇ ਜੋ ਪ੍ਰਾਪਤ-ਕਰਤਾ ਰਾਜ ਪ੍ਰਦਾਨ ਕਰਨ ਲਈ ਪਾਬੰਦ ਹੈ ।

4. ਇਸ ਅਨੁਛੇਦ ਦੇ ਪਰਾ 1, 2 ਅਤੇ 3 ਅਧੀਨ ਅਨਯ ਰਾਜਾਂ ਦੀਆਂ ਬਾਂਧਾਂ, ਉਨ੍ਹਾਂ ਪੈਰਿਆਂ ਵਿੱਚ ਜ਼ਿਕਰ ਕੀਤੇ ਅਜਿਹੇ ਵਿਅਕਤੀਆਂ ਨੂੰ ਅਤੇ ਅਜਿਹੀਆਂ ਸਰਕਾਰੀ ਸੰਸੂਚਨਾਵਾਂ ਅਤੇ ਸਫ਼ਾਰਤੀ ਥੈਲਿਆਂ ਨੂੰ ਵੀ ਲਾਗੂ ਹੋਣਗੀਆਂ ਜਿਨ੍ਹਾਂ ਦੀ ਅਨਯ ਰਾਜ ਦੇ ਰਾਜਖੇਤਰ ਵਿੱਚ ਮੌਜੂਦਗੀ ਵਸੋਂ ਬਾਹਰੀ ਘਟਨਾ ਦੇ ਕਾਰਨ ਹੈ ।

ਵੀ.ਐਸ. ਰਮਾ ਦੇਵੀ,
ਸਕੱਤਰ, ਭਾਰਤ ਸਰਕਾਰ ।
सचिव, भारत सरकार ।
Secretary to the Government of India.